**ਪੰਜਾਬ ਵਿਧਾਨ ਸਭਾ ਸਕੱਤਰੇਤ**

**ਸ਼ੁੱਕਰਵਾਰ, ਮਿਤੀ 05 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਸ੍ਰੀ ਗੁਰੂ ਰਵੀਦਾਸ ਮੈਮੋਰੀਅਲ ਖੁਰਾਲਗੜ੍ਹ ਪ੍ਰੋਜੈਕਟ ਦੀ ਸਥਿਤੀ**

*3174. **ਡਾਕਟਰ ਰਾਜ ਕੁਮਾਰ ਚੱਬੇਵਾਲ,ਐਮ.ਐਲ.ਏ.**:- ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸ੍ਰੀ ਗੁਰੂ ਰਵਿਦਾਸ ਮੈਮੋਰੀਅਲ, ਖੁਰਾਲਗੜ੍ਹ (ਉਸਾਰੀ ਅਧੀਨ) ਤਹਿਸੀਲ ਗੜਸ਼ੰਕਰ, ਜਿਲਾ ਹੁਸ਼ਿਆਰਪੁਰ ਪ੍ਰੋਜੈਕਟ ਦੀ ਕੁੱਲ ਕਿੰਨੀ ਲਾਗਤ ਹੈ ਅਤੇ ਇਸ ਲਈ ਕਿੰਨੇ ਫੰਡ ਜਾਰੀ ਕੀਤੇ ਗਏ ਹਨ ਅਤੇ ਬਾਕੀ ਰਹਿੰਦੇ ਫੰਡਾਂ ਦੀ ਸਥਿਤੀ ਕੀ ਹੈ;

ਅ) ਕੀ ਉਪਰੋਕਤ ਪ੍ਰੋਜੈਕਟ ਦਾ ਪਹਿਲਾਂ ਕੀਤਾ ਕੰਮ ਅਨੁਮਾਨਿਤ ਸਮੇਂ ਦੇ ਅੰਦਰ ਕੀਤਾ ਗਿਆ ਹੈ ਅਤੇ ਇਸਦੇ ਸਮੇਂ ਸਿਰ ਪੂਰਾ ਹੋਣ ਲਈ ਕੀ ਕਦਮ ਚੁੱਕੇ ਜਾਣਗੇ?

**ਸਾਲ 2019-20 ਦੌਰਾਨ ਚਲਾਈਆਂ ਸਕੀਮਾਂ ਅਨੁਸਾਰ ਪੈਨਸ਼ਨ ਵਿੱਚ ਵਾਧਾ ਕਰਨਾ**

*3069. **ਸ੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਸਾਲ 2019- 20 ਦੇ ਦੌਰਾਨ ਚਲਾਈਆਂ ਗਈਆਂ ਭਲਾਈ ਸਕੀਮਾਂ ਅਰਥਾਤ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅੰਗਹੀਣਾਂ ਲਈ ਵਿੱਤੀ ਸਹਾਇਤਾ ਆਦਿ ਦੇ ਲਾਭਪਾਤਰੀਆਂ ਦੀ ਜ਼ਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਹੈ;

ਅ) ਕੀ ਸਰਕਾਰ ਉਪਰੋਕਤ ਅਨੁਸਾਰ ਮਹੀਨਾ-ਵਾਰ ਭਲਾਈ ਪੈਨਸ਼ਨਾਂ ਦੀ ਰਾਸ਼ੀ ਵਿੱਚ ਵਾਧਾ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਜਿਲ੍ਹਾ ਹੈਡ ਕੁਆਟਰ ਕਪੂਰਥਲਾ ਵਿਖੇ ਖੇਤਰੀ ਟਰਾਂਸਪੋਰਟ ਅਥਾਰਿਟੀ ਦਾ ਦਫਤਰ ਖੋਲ੍ਹਣਾ**

*3190. **ਰਾਣਾ ਗੁਰਜੀਤ ਸਿੰਘ, ਐਮ.ਐਲ.ਏ.**:-ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਿਲ੍ਹਾ ਹੈਡ ਕੁਆਟਰ ਕਪੂਰਥਲਾ ਵਿਖੇ ਖੇਤਰੀ ਟਰਾਂਸਪੋਰਟ ਅਥਾਰਿਟੀ ਦਾ ਦਫਤਰ ਨਹੀਂ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਅਜਿਹਾ ਕਦੋਂ ਤੋਂ ਹੈ ਅਤੇ ਇਸ ਦੇ ਕੀ ਕਾਰਣ ਹਨ;

ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਦਫਤਰ ਕਦੋਂ ਤੱਕ ਖੁੱਲ ਜਾਵੇਗਾ?

**ਪਾਤੜਾਂ ਸ਼ਹਿਰ ਵਿੱਚ ਸਹਾਇਕ ਰਜਿਸਟਰਾਰ, ਕੋਆਪ੍ਰੇਟਿਵ ਸੁਸਾਇਟੀਜ਼ ਦਾ ਦਫਤਰ ਬਣਾਉਣਾ**

*3129. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ**:-ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਾਤੜਾਂ ਸ਼ਹਿਰ ਵਿੱਚ ਸਹਾਇਕ ਰਜਿਸਟਰਾਰ, ਕੋਆਪ੍ਰੇਟਿਵ ਸੁਸਾਇਟੀਜ਼ ਦਾ ਦਫਤਰ ਬਣਾਉਣ ਸਬੰਧੀ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਐਸ.ਏ.ਐਸ. ਨਗਰ ਦੇ ਫੇਜ਼-11 ਵਿਖੇ ਕੀਤੇ ਨਜਾਇਜ਼ ਕਬਜੇ ਹਟਾਉਣਾ**

*3203. **ਸ੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ**:-ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੇ ਫੇਜ਼ 11 ਵਿਖੇ ਕੋਠੀ ਨੰ. 65, 90, 145,146 ਅਤੇ 157 ਦੇ ਨਾਲ ਲਗਦੀ ਨਗਰ ਨਿਗਮ ਦੀ ਸਰਕਾਰੀ ਜਗ੍ਹਾ ਤੇ ਆਮ ਨਾਗਰਿਕਾਂ ਵਾਸਤੇ ਬਣਾਏ ਗਈ ਗ੍ਰੀਨ ਬੈਲਟ ਤੇ ਇਨ੍ਹਾਂ ਕੋਠੀਆਂ ਵਿੱਚ ਰਹਿ ਰਹੇ ਰਸੂਖਦਾਰ ਪਰਿਵਾਰਾਂ ਵੱਲੋਂ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਹਾਂ ਤਾਂ ਇਸ ਨਜਾਇਜ਼ ਕਬਜ਼ੇ ਨੂੰ ਹਟਾਉਣ ਲਈ ਵਿਭਾਗ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਇਹ ਨਜਾਇਜ਼ ਕਬਜ਼ਾ ਕਦੋਂ ਤੱਕ ਹਟਾ ਕੇ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ?

**ਉਪ ਤਹਿਸੀਲ ਅਮਲੋਹ ਦੇ ਆਫਿਸ ਕੰਪਲੈਕਸ ਦੀ ਮੌਜੂਦਾ ਸਥਿਤੀ**

*3145. **ਸਰਦਾਰ ਰਣਦੀਪ ਸਿੰਘ,ਐਮ.ਐਲ.ਏ.**:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਉਪ ਤਹਿਸੀਲ ਅਮਲੋਹ ਦੇ ਆਫਿਸ ਕੰਪਲੈਕਸ ਦੇ ਪ੍ਰੋਜੈਕਟ ਦੀ ਮੌਜੂਦਾ ਸਥਾਨ ਤੋਂ ਨਵੇਂ ਸਥਾਨ ਬੱਸ ਸਟੈਂਡੇ ਅਮਲੋਹ ਦੇ ਪਿੱਛੇ ਸ਼ਿਫਟ ਕਰਨ ਦੀ ਸਥਿਤੀ ਕੀ ਹੈ;

ਅ) ਉਪਰੋਕਤ ਵਰਣਿਤ ਆਫਿਸ ਕੰਪਲੈਕਸ ਦੀ ਇਮਾਰਤ ਦੀ ਉਸਾਰੀ ਦੀ ਸੰਭਾਵਨਾ ਕਦੋਂ ਤੱਕ ਹੈ, ਜਿਸ ਵਾਸਤੇ ਸਿੰਚਾਈ ਵਿਭਾਗ ਦੀ ਜ਼ਮੀਨ ਪਹਿਲਾਂ ਹੀ ਲੋਕ ਨਿਰਮਾਣ ਵਿਭਾਗ ਨੂੰ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ;

ੲ) ਉਪਰੋਕਤ ਵਰਣਿਤ ਪ੍ਰੋਜੈਕਟ ਲਈ ਟੈਂਡਰ ਦੇ ਕੀ ਉਪਬੰਧ ਕੀਤੇ ਗਏ/ਕੀਤੇ ਜਾ ਰਹੇ ਹਨ?

**ਜ਼ੀਰਾ ਦੇ ਸਿਵਲ ਹਸਪਤਾਲ ਵਿਖੇ ਬੈੱਡਾਂ ਦਾ ਪ੍ਰਬੰਧ**

*3199. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ**:-ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜ਼ੀਰਾ ਵਿਖੇ ਸਿਵਲ ਹਸਪਤਾਲ ਨੂੰ 100 ਬੈਡਿਡ ਅਤੇ ਔਰਤਾਂ ਅਤੇ ਬੱਚਿਆਂ ਦਾ 50 ਬੈੱਡਾਂ ਦਾ ਸਪੈਸ਼ਲ ਵਿੰਗ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ;

ੲ) ਕੀ ਸਰਕਾਰ ਇਸ ਹਸਪਤਾਲ ਵਿੱਚ ਬਲੱਡ ਬੈਂਕ ਖੋਲ੍ਹਣ ਦਾ ਵੀ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਢਾਣੀ ਨੱਥਾ ਸਿੰਘ ਬਾਰਡਰ ਉਪਰ ਪੁੱਲ ਬਣਾਉਣਾ**

*3186. **ਸਰਦਾਰ ਰਮਿੰਦਰ ਸਿੰਘ ਆਵਲਾ, ਐਮ.ਐਲ.ਏ**:-ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਢਾਣੀ ਨੱਥਾ ਸਿੰਘ ਬਾਰਡਰ ਉਪਰ 200 ਮੀਟਰ ਦਾ ਪੁੱਲ ਬਣਾਉਣ ਵਾਸਤੇ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੈ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਨਗਰ ਕੌਂਸਲ, ਪਾਤੜਾਂ ਵਿਖੇ ਨਵੀਂ ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰਨਾ**

*3128. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ**:-ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸ਼ੁਤਰਾਣਾ ਅਧੀਨ ਪੈਂਦੀ ਨਗਰ ਕੌਂਸਲ, ਪਾਤੜਾਂ ਵਿਖੇ ਨਵੀਂ ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਤੇ ਕਦੋਂ ਤੱਕ ਅਮਲ ਕਰ ਦਿੱਤਾ ਜਾਵੇਗਾ?

**ਪੰਜਾਬ ਦੇ ਨੌਜਵਾਨਾਂ ਨੂੰ ਸਮਾਰਟ ਫੋਨ ਵੰਡਣਾ**

*2962. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਮਾਰਟ ਕੁਨੈਕਟ ਯੋਜਨਾ ਤਹਿਤ ਸਮਾਰਟ ਫੋਨ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਕੀ-ਕੀ ਸ਼ਰਤਾਂ ਲਗਾਈਆਂ ਗਈਆਂ ਹਨ, ਇਸ ਯੋਜਨਾ ਤਹਿਤ ਹੁਣ ਤੱਕ ਕਿੰਨੇ ਸਮਾਰਟ ਫੋਨ ਕਿੰਨੇ ਨੌਜਵਾਨਾਂ ਨੂੰ ਵੰਡੇ ਜਾ ਚੁੱਕੇ ਹਨ ਅਤੇ ਭਵਿੱਖ ਵਿੱਚ ਹੋਰ ਕਿੰਨੇ ਨੌਜਵਾਨਾਂ ਨੂੰ ਸਮਾਰਟ ਫੋਨ ਵੰਡਣ ਦੀ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਪਰਤੋ ਜੀ.....**

**ਹੈਵੀ ਡਰਾਈਵਿੰਗ ਲਾਇਸੰਸ ਰੀਨਿਊ ਕਰਵਾਉਣ ਲਈ ਮਲੇਰਕੋਟਲਾ ਟ੍ਰੈਕ ਖੋਲਣਾ**

***3031. ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.** :- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹੈਵੀ ਡਰਾਈਵਿੰਗ ਲਾਇਸੰਸ ਰੀਨਿਊ ਕਰਵਾਉਣ ਲਈ ਮਾਉਆਣਾ (ਮੁਕਤਸਰ) ਵਿੱਖੇ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਸੈਂਟਰ ਤੇ ਜਾਣਾ ਪੈਂਦਾ ਹੈ, ਜਿਸ ਨਾਲ ਪੰਜਾਬ ਸਰਕਾਰ ਦੀ ਆਮ ਜਨਤਾ ਨੂੰ ਖਾਸ ਕਰ ਡਰਾਈਵਰਾਂ ਨੂੰ ਕਾਫੀ ਪਰੇਸ਼ਾਨੀ ਆ ਰਹੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਵਿਭਾਗ ਵਲੋਂ ਦਿੱਤੇ ਜਵਾਬ ਮੁਤਾਬਕ ਕਪੂਰਥਲਾ ਤੇ ਮਲੇਰਕੋਟਲਾ ਵਿੱਚ ਟ੍ਰੈਕ ਤਿਆਰ ਹੋ ਚੁੱਕਿਆ ਹੈ ਅਤੇ ਜਲਦੀ ਹੀ ਆਮ ਪਬਲਿਕ ਵਾਸਤੇ ਖੋਲ੍ਹ ਦਿੱਤਾ ਜਾਵੇਗਾ ਪਰ ਇਸ ਜਵਾਬ ਨੂੰ ਦਿੱਤਿਆਂ ਬਹੁਤ ਸਮਾਂ ਹੋ ਗਿਆ ਹੈ ਅਤੇ ਜ਼ਮੀਨੀ ਕਾਰਵਾਈ ਅਜੇ ਤੱਕ ਨਹੀਂ ਹੋਈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਦੋਨੋਂ ਸੈਂਟਰਾਂ ਨੂੰ ਕਦੋਂ ਤੱਕ ਆਮ ਪਬਲਿਕ ਵਾਸਤੇ ਤਿਆਰ ਕੀਤਾ ਜਾਵੇਗਾ?

**ਜ਼ੀਰਾ ਸ਼ੂਗਰ ਮਿੱਲ ਮੁੜ ਸ਼ੁਰੂ ਕਰਨਾ**

***3192. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ**:-ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ੀਰਾ ਕੋਆਪ੍ਰੇਟਿਵ ਸ਼ੂਗਰ ਮਿੱਲ, ਜ਼ੀਰਾ ਦੇ ਬੰਦ ਹੋਣ ਦੇ ਕੀ ਕਾਰਨ ਹਨ, ਇਹ ਸ਼ੂਗਰ ਮਿਲ ਦੁਬਾਰਾ ਕਦੋਂ ਤੱਕ ਚਲਾ ਦਿੱਤੀ ਜਾਵੇਗੀ;

ਅ) ਜੇਕਰ ਸਰਕਾਰ ਸ਼ੂਗਰ ਮਿੱਲ ਚਲਾਉਣ ਤੋਂ ਅਸਮਰਥ ਹੈ ਤਾਂ ਕੀ ਸਰਕਾਰ ਇਸ ਸ਼ੂਗਰ ਮਿੱਲ ਦੀ 101 ਏਕੜ ਜ਼ਮੀਨ ਕਿਸੇ ਹੋਰ ਇੰਡਸਟਰੀ ਵਾਸਤੇ ਵਰਤੋਂ ਕਰਨ ਦਾ ਵਿਚਾਰ ਰੱਖਦੀ ਹੈ;

ੲ) ਜੇਕਰ ਭਾਗ (ਅ) ਦਾ ਜਵਾਬ ਹਾਂ ਵਿੱਚ ਹੈ ਤਾਂ ਕਦੋਂ ਤੱਕ ਇਹ ਯੋਜਨਾ ਅਮਲ ਵਿੱਚ ਲਿਆਂਦੀ ਜਾਵੇਗੀ?

**P.H.C. ਮਹਿਲ ਕਲਾਂ ਨੂੰ ਸਰਕਾਰੀ ਵਹੀਕਲ ਮੁਹੱਈਆ ਕਰਵਾਉਣਾ**

***2992. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੀ.ਐਚ.ਸੀ. ਮਹਿਲ ਕਲਾਂ ਅਧੀਨ ਸੁਪਰਵਿਜਨ ਹਿੱਤ ਕੋਈ ਵੀ ਸਰਕਾਰੀ ਵਹੀਕਲ ਨਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਵਹੀਕਲ ਕਦੋਂ ਤੱਕ ਮੁਹੱਈਆ ਕਰਵਾਇਆ ਜਾਵੇਗਾ?

**ਪੁੱਲਾਂ ਦੀ ਉਸਾਰੀ ਕਰਨਾ**

***3180. ਸਰਦਾਰ ਕੰਵਰ ਸੰਧੂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਪੈਂਦੇ ਕਸੋਲੀ ਅਤੇ ਬਘਿੰਡੀ ਪਿੰਡਾਂ ਵਿਚਕਾਰ ਬਰਸਾਤੀ ਨਾਲੇ ਤੇ ਦੋ ਪੁੱਲਾਂ, ਜਿਸ ਸਬੰਧੀ ਸਾਲ 2017 ਵਿੱਚ ਸਰਕਾਰ ਦੁਆਰਾ ਵਾਅਦਾ ਕੀਤਾ ਗਿਆ ਸੀ, ਨੂੰ ਕਿਸ ਮਿਤੀ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

ਅ) ਕੀ ਜ਼ਿਲ੍ਹਾ ਐਸ.ਏ.ਐਸ ਨਗਰ ਵਿੱਚ ਜਯੰਤੀ ਮਾਜਰੀ ਅਤੇ ਗੁੜਾ ਪਿੰਡ ਵਿਚਕਾਰ ਬਰਸਾਤੀ ਨਾਲੇ ਤੇ ਦੋ ਅਤਿ ਜਰੂਰੀ ਪੁੱਲਾਂ ਦੀ ਉਸਾਰੀ ਕਰਨ ਦੀ ਵੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸਤੇ ਕੰਮ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ?

**ਲੁਧਿਆਣਾ ਅਤੇ ਜਲੰਧਰ ਦੀਆਂ ਕਾਰਪੋਰੇਸ਼ਨਾਂ ਦੁਆਰਾ ਟ੍ਰੀਟ ਕੀਤੇ ਸੀਵਰੇਜ਼ ਦੀ ਮਾਤਰਾ**

***3075. ਸ਼੍ਰੀ ਅਵਤਾਰ ਸਿੰਘ** ਜੂਨੀਅਰ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2019-20 ਦੇ ਦੌਰਾਨ ਲੁਧਿਆਣਾ ਅਤੇ ਜਲੰਧਰ ਦੀਆਂ ਕਾਰਪੋਰੇਸ਼ਨਾਂ ਦੁਆਰਾ ਟ੍ਰੀਟ ਕੀਤੇ ਸੀਵਰੇਜ਼ ਦੀ ਕ੍ਰਮਵਾਰ ਕੁੱਲ ਮਾਤਰਾ ਕਿੰਨੀ ਹੈ;

ਅ) ਸਾਲ 2019-20 ਵਿੱਚ ਉਪਰੋਕਤ ਵਰਣਿਤ ਕਾਰਪੋਰੇਸ਼ਨਾਂ ਦੁਆਰਾ ਸੀਵਰੇਜ਼ ਟ੍ਰੀਟਮੈਂਟ ਪਲਾਂਟਾਂ ਤੋਂ ਕੁੱਲ ਕਿੰਨੇ ਲੀਟਰ ਪਾਣੀ ਡਿਸਚਾਰਜ ਕੀਤਾ ਗਿਆ;

ੲ) ਸਾਲ 2019-20 ਦੇ ਦੌਰਾਨ ਐਸ.ਟੀ.ਪੀਜ਼ ਤੋਂ ਸਿੰਜਾਈ ਲਈ ਕਿੰਨਾਂ ਪਾਣੀ ਡਿਸਚਾਰਜ ਕੀਤਾ ਗਿਆ;

ਸ) ਕੀ ਉਪਰੋਕਤ ਅਸੈ.ਟੀ.ਪੀਜ਼ ਤੋਂ ਸਿੰਜਾਈ ਦੇ ਮੰਤਵਾਂ ਲਈ ਟ੍ਰੀਟ ਕੀਤੇ ਪਾਣੀ ਦੀ ਮੁੜ ਵਰਤੋਂ ਕਰਨ ਦੀ ਕੋਈ ਤਜਵੀਜ਼ ਹੇ?

**22 ਮਾਰਚ 2020 ਤੋਂ 31 ਮਈ 2020 ਤੱਕ ਫੀਸਾਂ ਦੀ ਅਦਾਇਗੀ ਵਿਚ ਰਿਆਇਤ ਕਰਨਾ**

***2941. ਸ਼੍ਰੀ ਪਵਨ ਕੁਮਾਰ** ਟੀਨੂੰ, ਐਮ.ਐਲ.ਏ.:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਟੋ, ਮਿੰਨੀ ਬੱਸਾਂ, ਟੈਕਸੀਆਂ ਅਤੇ ਹਲਕੇ ਭਾਰ ਢੋਣ ਵਾਲੇ ਵਹੀਕਲਾਂ ਤੋਂ ਸਰਕਾਰ ਵੱਲੋਂ ਵਸੂਲੀਆ ਜਾਂਦੀਆਂ ਵੱਖ-ਵੱਖ ਤਰ੍ਹਾਂ ਦੀਆਂ ਫੀਸਾਂ ਤੇ ਕਰੋਨਾ ਮਹਾਂਮਾਰੀ ਕਾਰਨ ਮਿਤੀ 22 ਮਾਰਚ 2020 ਤੋਂ 31 ਮਈ 2020 ਤੱਕ ਦੇ ਸਮੇਂ ਦੀਆਂ ਫੀਸਾਂ ਦੀ ਅਦਾਇਗੀ ਵਿੱਚ ਸਰਕਾਰ ਕੋਈ ਰਿਆਇਤ ਦੇਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਮਾਰਚ 2017 ਤੋਂ ਬਾਅਦ ਰੇਤੇ ਦੀਆਂ ਖੱਡਾਂ ਦੀ ਨੀਲਾਮੀ ਤੋਂ ਇਕੱਠੀ ਹੋਈ ਰਕਮ ਦੇ ਵੇਰਵੇ**

***3045. ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ.**:- ਕੀ ਮਾਈਨਜ਼ ਅਤੇ ਜਿਆਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ਼ ਸਰਕਾਰ ਨੂੰ ਮਾਰਚ, 2017 ਤੋਂ ਬਾਅਦ ਹੁਣ ਤੱਕ ਰੇਤੇ ਦੀਆਂ ਖੱਡਾਂ ਦੀ ਨੀਲਾਮੀ ਤੋਂ ਕਿੰਨੀ ਰਕਮ ਇਕੱਠੀ ਹੋਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਿਹਤ ਵਿਭਾਗ ਦੇ ਵਲੰਟੀਅਰਜ਼ ਨੂੰ ਦੁਬਾਰਾ ਸੇਵਾ ਵਿੱਚ ਰੱਖਣਾ**

***3035. ਸਰਦਾਰ ਹਰਪਾਲ ਸਿੰਘ ਚੀਮਾ**, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਭਾਰਤ ਸਰਕਾਰ ਵੱਲੋਂ ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਿੱਚ ਕੋਵਿਡ-19 ਪੈਰਾਮੈਡੀਕਲ ਸਟਾਫ, ਵਲੰਟੀਅਰ ਸਟਾਫ ਦੀ ਭਰਤੀ ਕੀਤੀ ਗਈ ਸੀ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਵਰਣਿਤ ਵਲੰਟੀਅਰਜ਼ ਜੋ ਕਿ ਪਿਛਲੇ 4 ਮਹੀਨਿਆਂ ਤੋਂ ਵੱਖ-ਵੱਖ ਹਸਪਤਾਲਾਂ ਦੇ ਆਈਸੋਲੇਸ਼ਨ ਵਾਰਡ ਵਿੱਚ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਸੇਵਾਵਾਂ ਨਿਭਾ ਰਹੇ ਹਨ, ਨੂੰ ਸਰਕਾਰ ਵੱਲੋਂ ਮੁਲਤਵੀ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਕੀ ਇਹਨਾਂ ਵਲੰਟੀਅਰਜ ਨੂੰ ਸੇਵਾਵਾਂ ਤੇ ਰੱਖਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਪਟਿਆਲਾ-ਫਤਿਹਗੜ੍ਹ ਸਾਹਿਬ-ਮੋਰਿੰਡਾ ਰੋਡ ਨੂੰ ਫੋਰਲੇਨ ਬਣਾਉਣਾ**

***2953. ਸਰਦਾਰ ਹਰਿੰਦਰਪਾਲ ਸਿੰਘ** ਚੰਦੂਮਾਜਰਾ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਤੋਂ ਫਤਿਹਗੜ੍ਹ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਤੋਂ ਮੋਰਿੰਡਾ ਤੱਕ ਰੋਡ ਨੂੰ ਫੋਰ ਲੇਨ ਕਰਨ ਅਤੇ ਇਸ ਸੜਕ ਦਾ ਨਾਂ ਮਾਤਾ ਗੁਜ਼ਰ ਕੌਰ ਜੀ ਦੇ ਨਾਂ ਤੇ ਰੱਖਣ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਿਹਤ ਵਿਭਾਗ ਦੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀ ਅਸਲ ਪੋਸਟਿੰਗ ਅਤੇ ਡੈਪੂਟੇਸ਼ਨ ਪੋਸਟਿੰਗ**

***3006. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.** :- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਕਿੰਨੇ ਮੈਡੀਕਲ ਅਤੇ ਪੈਰਾ ਮੈਡੀਕਲ ਮੁਲਾਜ਼ਮ ਅਸਲ ਪੋਸਟਿੰਗ ਤੋਂ ਡੈਪੂਟੇਸ਼ਨ ਉੱਪਰ ਕੰਮ ਕਰ ਰਹੇ ਹਨ, ਸਾਰੇ ਮੁਲਾਜਮਾਂ ਦੀ ਅਸਲ ਪੋਸਟਿੰਗ ਅਤੇ ਡੈਪੂਟੇਸ਼ਨ ਪੋਸਟਿੰਗ ਬਾਰੇ ਦੱਸਿਆ ਜਾਵੇ?

ਚੰਡੀਗੜ੍ਹ
ਮਿਤੀ 04 ਮਾਰਚ, 2021

ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।